# ਅੱਜ ਦੇ ਦਿਨ 11 ਪੋਹ 2023
# (ਮਿਤੀ 26 ਦਸੰਬਰ, 2023) ਦਾ ਇਤਿਹਾਸ

# ਨਿੱਕੀਆਂ ਜ਼ਿੰਦਾਂ ਵੱਡਾ ਸਾਕਾ

## ਗੌਰਵਮਈ ਸ਼ਹੀਦੀ ਸਾਕੇ ਦਾ ਛੇਵਾਂ ਦਿਨ

हिंदी अनुवाद नीचे उपलब्ध है

ਅੱਜ ਦੇ ਦਿਨ 11 ਪੋਹ ਸੰਮਤ 1761 ਬਿਕਰਮੀ (1704 ਈਸਵੀ) ਨੂੰ ਸਾਹਿਬਜ਼ਾਦਿਆਂ ਨੂੰ ਸਰਹਿੰਦ ਦੇ ਸੂਬੇਦਾਰ ਨਵਾਬ ਵਜ਼ੀਰ ਖਾਨ ਦੀ ਕਚਹਿਰੀ ਵਿੱਚ ਪੇਸ਼ ਕੀਤਾ ਗਿਆ।

ਵਜ਼ੀਰ ਖ਼ਾਨ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਧਰਮ ਬਦਲਣ ਲਈ ਡਰਾਇਆ ਅਤੇ ਲਾਲਚ ਵੀ ਦਿੱਤੇ ਪਰ ਉਹ ਅਡੋਲ ਰਹੇ।

ਮੋਤੀ ਰਾਮ ਮਹਿਰਾ ਜੀ ਨੇ ਸਾਹਿਬਜ਼ਾਦਿਆਂ ਨੂੰ ਦੁੱਧ ਪਿਲਾਉਣ ਦੀ ਸੇਵਾ ਜਾਰੀ ਰੱਖੀ।ਮਾਤਾ ਜੀ ਅਤੇ ਸਾਹਿਬਜ਼ਾਦਿਆਂ ਤੱਕ ਪਹੁੰਚਣ ਦਾ ਪ੍ਰਬੰਧ ਕਰਨ ਲਈ ਉਸਨੇ ਆਪਣੀ ਘਰਵਾਲੀ ਦੇ ਗਹਿਣੇ ਅਤੇ ਘਰ ਤੱਕ ਵੇਚ ਦਿੱਤਾ।

ਮਾਤਾ ਗੁਜਰ ਕੌਰ ਜੀ ਨੇ ਪਰਮਾਤਮਾ ਦਾ ਭਾਣਾ ਮਿੱਠਾ ਕਰਕੇ ਮੰਨਿਆ ਅਤੇ ਛੋਟੇ ਸਾਹਿਬਜ਼ਾਦਿਆਂ (ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫ਼ਤਿਹ ਸਿੰਘ ਜੀ) ਨਾਲ ਠੰਢੇ ਬੁਰਜ ‘ਤੇ ਰਹੇ।

ਦੂਜੇ ਪਾਸੇ ਗੁਰੂ ਗੋਬਿੰਦ ਸਿੰਘ ਜੀ ਮਾਛੀਵਾੜਾ ਸਾਹਿਬ ਵਿਖੇ ਗਨੀ ਖਾਂ ਅਤੇ ਨਬੀ ਖਾਂ ਦੀ ਬੇਨਤੀ ਪ੍ਰਵਾਨ ਕਰਕੇ ਉਨ੍ਹਾਂ ਦੇ ਗ੍ਰਹਿ ਚਲੇ ਗਏ।

ਅੱਜ ਦੇ ਇਤਿਹਾਸ ਤੋਂ ਸਾਨੂੰ ਇਹ ਪ੍ਰੇਰਨਾ ਮਿਲਦੀ ਹੈ ਕਿ ਜਿਵੇਂ ਛੋਟੇ ਸਾਹਿਬਜ਼ਾਦਿਆਂ ਨੇ ਵਜ਼ੀਰ ਖਾਨ ਦੇ ਲਾਲਚ ਅਤੇ ਡਰਾਵੇ ਅੱਗੇ ਆਪਣਾ ਧਰਮ ਨਹੀਂ ਹਾਰਿਆ ਅਤੇ ਅਡੋਲ ਰਹੇ, ਇਸੇ ਤਰ੍ਹਾਂ ਸਾਨੂੰ ਵੀ ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾਉਣ ਲਈ ਦ੍ਰਿੜ ਹੋਣਾ ਚਾਹੀਦਾ ਹੈ।

ਆਓ ਅੱਜ ਆਪਾਂ ਵੀ ਇਹ ਪ੍ਰਣ ਕਰੀਏ ਕਿ ਅਸੀਂ ਵੀ ਮਾਤਾ ਗੁਜਰ ਕੌਰ ਜੀ ਦੀ ਤਰ੍ਹਾਂ ਆਪਣੇ ਪਰਿਵਾਰਾਂ ਵਿੱਚ ਬੱਚਿਆਂ ਦੀ ਸੁਚੱਜੀ ਪਰਵਰਿਸ਼ ਕਰਨ ਦੀ ਜ਼ੁੰਮੇਵਾਰੀ ਨਿਭਾਵਾਂਗੇ ਤਾਂ ਜੋ ਸਾਡੇ ਬੱਚੇ ਵੀ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਅਤੇ ਸਾਹਿਬਜ਼ਾਦਾ ਫ਼ਤਿਹ ਸਿੰਘ ਜੀ ਦੀ ਤਰ੍ਹਾਂ ਗੁਰੂ ਕੌਮ ਦੀ ਸੇਵਾ ਲਈ ਆਪਾ ਵਾਰਨ ਲਈ ਤਿਆਰ ਬਰ ਤਿਆਰ ਹੋ ਸਕਣ। ਇਹੀ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਅੱਜ ਦੇ ਇਤਿਹਾਸ ਨੂੰ ਦਰਸਾਉਂਦਾ ਵੀਡੀਓ **ਆਤਮ ਪਰਗਾਸ ਫੇਸਬੁੱਕ ਪੇਜ** ਤੇ ਦੇਖੋ ਜੀ।

**ਚਲਦਾ...**

ਆਤਮ ਪਰਗਾਸ ਵੱਲੋਂ 'ਸਚਿਆਰ ਮਨੁੱਖਾਂ' ਦੀ ਘਾੜਤ ਲਈ ਰੋਜ਼ਾਨਾ ਵਿਸ਼ੇਸ਼ ਸਬਕ ਸਾਂਝੇ ਕੀਤੇ ਜਾਂਦੇ ਹਨ। ਸਮਾਜ ਵਿੱਚ ਸਮੇਂ ਦੀ ਕਦਰ ਦੀ ਰੁਚੀ ਪ੍ਰਬਲ ਕਰਨ ਲਈ ਵਿਦਿਆਰਥੀਆਂ ਨੂੰ ਨਵੇਕਲੀ ਸਮਾਂ-ਸਾਰਨੀ ਅਮਲ ਵਿੱਚ ਲਿਆਉਣ ਦੀ ਸਿਖਲਾਈ ਦੇਣ ਦੇ ਨਾਲ-ਨਾਲ ਉਨ੍ਹਾਂ ਦੇ ਸਰਬਪੱਖੀ ਵਿਕਾਸ ਲਈ ਵਿਦਵਾਨਾਂ ਦੀ ਉਚੇਚੀ ਟੀਮ ਸੇਵਾਵਾਂ ਪ੍ਰਦਾਨ ਕਰਦੀ ਹੈ। ਸੂਝਵਾਨ ਮਾਪੇ ਅਤੇ ਅਧਿਆਪਕ ਇਨ੍ਹਾਂ ਸੇਵਾਵਾਂ ਦਾ ਲਾਹਾ ਲੈ ਸਕਦੇ ਹੋ।

**ਆਤਮ ਪਰਗਾਸ ਸੋਸ਼ਲ ਵੈਲਫ਼ੇਅਰ ਕੌਂਸਲ**
99, ਪ੍ਰੀਤ ਵਿਹਾਰ, ਪੱਖੋਵਾਲ ਰੋਡ, ਲੁਧਿਆਣਾ - 142022
+91 82880-10531 / 32 www.atampargas.org
Like Facebook Page Subscribe YouTube Channel

# आज के दिन 11 पोह 2023
# (दिनांक 26 दिसंबर, 2023) का इतिहास

# निकीआँ जिंदां वड्डा साका

## गौरवमयी शहीदी साके का छठा दिन

आज के दिन 11 पोह सम्मत 1761 बि. (1704 ई.) को साहिबज़ादों को सरहिंद के सूबेदार नवाब वज़ीर खान की कचहरी में पेश किया गया।

छोटे साहिबज़ादों को वज़ीर खान ने अपना धर्म परिवर्तन करने के लिए डराया और अनेकों लालच दिए परंतु नन्हीं जिंदें अटल रहीं।

मोती राम मेहरा जी ने साहिबज़ादों को दूध पिलाने की सेवा ज़ारी रखी।माता जी और साहिबज़ादों तक दूध पहुंचाने के लिए उसने अपनी पत्नी के गहने और घर तक बेच दिया।

माता गुजर कौर जी ने परमात्मा के हुक्म को खुशी से अपनाया और छोटे साहिबज़ादों (बाबा जोरावर सिंघ जी और बाबा फतेह सिंघ जी) के साथ ठंडे बुर्ज में रहे।

दूसरी ओर गुरू गोबिंद सिंघ जी माछीवाडा साहिब में गनी खाँ और नबी खाँ की विनती स्वीकार कर उनके घर चले गए।

आज के इतिहास से हमें यह प्रेरणा मिलती है कि जैसे छोटे साहिबज़ादों ने वजीर खान के लालच और डरावे के सामने भी अपना धर्म परिवर्तन नहीं किया और अपने निर्णय पर अटल रहे, इसी तरह हमें भी सिक्खी केसों सवासों के साथ निभाने के लिए संकल्प लेना चाहिए।

आओ आज हम भी यह प्रण करें कि हम भी माता गुजर कौर जी की तरह अपने परिवार में बच्चों की अच्छी परवरिश करने की जिम्मेदारी निभाएंगे तभी हमारे बच्चे भी साहिबज़ादा जोरावर सिंघ जी और साहिबज़ादा फतेह सिंघ जी की तरह गुरु कौम की सेवा के लिए अपने आपको न्यौछावर करने के लिए तैयार हो सकेंगे।यही शहीदों को सच्ची श्रद्धांजलि होगी।आज के इतिहास को दर्शाती हुई वीडियो **आतम परगास फेसबुक पेज** पर देख सकते हैं।

**चलता...**

........................................................................

आतम परगास की ओर से 'सचिआर मनुष्य' बनने के लिए प्रतिदिन विशेष सबक भेजे जाते हैं।समाज में समय की कदर की रुची प्रबल करने के लिए विद्यार्थियो को विशेष समय सारणी का पालन करने की सिखलाई देने के साथ-साथ उनके सर्वोत्तम विकास के लिए विद्वानों की विशेष टीम सेवा प्रदान कर रही है।सूझवान माता-पिता और शिक्षक इन सेवाओं का लाभ ले सकते हैं।

**आतम परगास सोशल वैलफ़ेयर काउंसल**

**99, प्रीत विहार, पक्खोवाल रोड, लुधियाना - 142022**

+91 82880-10531 / 32 www.atampargas.org

Like Facebook Page Subscribe YouTube Channel